Ontario
NEWS RELEASE
Ministry of Finance
2010 ONTARIO BUDGET
OPEN ONTARIO

# 2010 ਆਂਟੇਰੀਓ ਬਜਟ ਆਂਟੇਰੀਓ ਲਈ ਨੌਕਰੀਆਂ ਅਤੇ ਵਿਕਾਸ ਦੇ ਰਾਹ ਖੋਲ੍ਹਦਾ ਹੈ

***ਮੈਕਗੁਇੰਟੀ ਸਰਕਾਰ ਦੀ ਸੰਤੁਲਤ ਯੋਜਨਾ ਲੋਕ ਸੇਵਾਵਾ ਨੂੰ ਸੁਰੱਖਿਅਤ ਕਰਦੀ ਹੈ ਅਤੇ ਬਜਟ ਦੇ ਘਾਟੇ ਨੂੰ ਖ਼ਤਮ ਕਰਨ ਲਈ ਰੂਪ-ਰੇਖਾ ਉਲੀਕਦੀ ਹੈ***

**ਸਮਾਚਾਰ** 25 ਮਾਰਚ, 2010

2010 ਆਂਟੇਰੀਓ ਬਜਟ ਨਾਲ, ਨਵੀਂਆਂ ਨੌਕਰੀਆਂ ਅਤੇ ਵਿਕਾਸ ਲਈ ਮੈਕਗੁਇੰਟੀ ਸਰਕਾਰ ਆਪਣੀ ਪੰਜ ਸਾਲਾ ਯੋਜਨਾ ਅਨੁਸਾਰ ਅੱਗੇ ਵਧ ਰਹੀ ਹੈ, ਨਾਲ ਦੀ ਨਾਲ ਸੰਸਾਰ ਮੰਦਵਾੜੇ ਤੋਂ ਪੈਦਾ ਹੋਏ ਬਜਟ ਦੇ ਘਾਟੇ ਨੂੰ ਖ਼ਤਮ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਰੂਪ-ਰੇਖਾ ਉਲੀਕ ਰਹੀ ਹੈ।

ਸਰਕਾਰ ਦੇ ਭਾਸ਼ਨ ਵਿੱਚ ਹੁਣੇ ਹੁਣੇ ਘੋਸ਼ਤ ਕੀਤੀਆਂ ਗਈਆਂ ਪਹਿਲਕਦਮੀਆਂ ਦਾ ਵਿਸਤਾਰ ਕਰਦਿਆਂ ਹੋਇਆਂ, ਬਜਟ ਅਜਿਹੇ ਨਿਵੇਸ਼ ਤਜਵੀਜ਼ ਕਰਦਾ ਹੈ ਜਿਹੜੇ ਇਸ ਸਤੰਬਰ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲ ਹੋਣ ਵਾਲੇ 20,000 ਨਾਲੋਂ ਵੱਧ ਵਿਦਿਆਰਥੀਆਂ ਦੀ ਮਦਦ ਕਰਨਗੇ, ਅਤੇ ਉੱਤਰੀ ਆਂਟੇਰੀਓ ਵਿੱਚ ਨੌਕਰੀਆਂ ਪੈਦਾ ਕਰਨਗੇ ਅਤੇ ਇਸ ਦੇ ਆਰਥਕ ਵਿਕਾਸ ਵਿੱਚ ਵਾਧਾ ਕਰਨਗੇ।

ਪਿਛਲੇ ਛੇ ਸਾਲਾਂ ਵਿੱਚ ਕੀਤੀ ਤਰੱਕੀ ਦੀ ਨੀਂਹ ਉੱਤੇ ਓਪਨ ਆਂਟੇਰੀਓ ਨੌਕਰੀਆਂ ਪੈਦਾ ਕਰਨ ਅਤੇ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਸੁਧਾਰਨ, ਸਮੇਤ ਵਿਦਿਆ, ਸੇਹਤ ਸੰਭਾਲ ਅਤੇ ਹੁਨਰਾਂ ਦੀ ਸਿਖਲਾਈ ਦੇ, ਜਿੰਨ੍ਹਾਂ ਨੂੰ ਆਂਟੇਰੀਓ ਵਾਸੀ ਮਹੱਤਾ ਦਿੰਦੇ ਹਨ, ਦਾ ਕਾਰਜ ਕਰਦਾ ਹੈ।

2010 ਬਜਟ ਵਿੱਚ ਅਜਿਹੇ ਕਦਮ ਸ਼ਾਮਲ ਹਨ ਜੋ ਖ਼ਰਚਿਆਂ ਨੂੰ ਕਾਬੂ ਵਿੱਚ ਰੱਖਦੇ ਹਨ, ਸਮੇਤ ਮੁਆਵਜ਼ੇ ਉੱਤੇ ਬੰਧਸ਼ਾਂ ਅਤੇ ਸਰਕਾਰੀ ਪ੍ਰੋਗਰਾਮਾਂ ਨੂੰ ਵੱਧ ਕੁਸ਼ਲ ਬਣਾਉਣ ਦੇ। ਪੰਜਾਂ ਸਾਲਾਂ ਵਿੱਚ ਬਜਟ ਦੇ ਘਾਟੇ ਨੂੰ ਅੱਧਾ ਕਰਨਾ, ਅਤੇ ਅੱਠਾਂ ਸਾਲਾਂ ਵਿੱਚ ਇਸ ਨੂੰ ਖ਼ਤਮ ਕਰਨ ਲਈ ਇਹ ਇੱਕ ਯਥਾਰਥਕ ਅਤੇ ਜ਼ੁੰਮੇਵਾਰ ਯੋਜਨਾ ਪੇਸ਼ ਕਰਦਾ ਹੈ।

## ਟੂਕਾਂ

"ਆਂਟੇਰੀਓ ਕਾਰੋਬਾਰ ਅਤੇ ਪਰਿਵਾਰਾਂ ਉੱਤੇ ਪੈਣ ਵਾਲੇ ਸੰਸਾਰ ਮੰਦਵਾੜੇ ਦੇ ਅਸਰ ਨੂੰ ਘਟਾਉਣ ਲਈ ਆਂਟੇਰੀਓ ਸਰਕਾਰ ਨੇ ਉਪਾਅ ਕੀਤੇ ਹਨ। ਰਲ-ਮਿਲ ਕੇ ਕੰਮ ਕਰਦਿਆਂ ਹੋਇਆਂ, ਅਸੀਂ ਥੋੜ੍ਹੀ ਮਿਆਦ ਲਈ ਨੌਕਰੀਆਂ ਪੈਦਾ ਕਰਨੀਆਂ ਜਾਰੀ ਰੱਖਾਂਗੇ ਅਤੇ ਲੰਮੀ ਮਿਆਦ ਲਈ ਵਿਕਾਸ ਦੀ ਨੀਂਹ ਰੱਖਾਂਗੇ।"
– ਡਿਵਾਈਟ ਡਨਕਨ, ਮਨਿੱਸਟਰ ਆਫ਼ ਫ਼ਾਇਨੈਂਸ

"ਸਾਡੇ ਵਿੱਚੋਂ ਅਜਿਹੇ ਵਿਅਕਤੀ ਜੋ ਟੈਕਸ ਦੇ ਡਾਲਰ ਹਾਸਲ ਕਰਦੇ ਹਨ, ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸਕੂਲਾਂ, ਹਸਪਤਾਲਾਂ ਅਤੇ ਦੂਜੀਆਂ ਜਨਤਕ ਸੇਵਾਵਾਂ ਵਿੱਚ ਆਂਟੇਰੀਓ ਵਾਸੀਆਂ ਵੱਲੋਂ ਕੀਤੀ ਉਨਤੀ ਨੂੰ ਕਾਇਮ ਰੱਖਣ ਵਿੱਚ ਮਦਦ ਕਰਨ।"
– ਡਿਵਾਈਟ ਡਨਕਨ, ਮਨਿੱਸਟਰ ਆਫ਼ ਫ਼ਾਇਨੈਂਸ

…/2

ਤੇਜ਼ ਝਾਤ ਲਈ ਕੁਝ ਤੱਥ

**ਪੋਸਟਸੈਕੰਡਰੀ ਵਿਦਿਆ**

- ਇਸ ਸਤੰਬਰ ਵਿੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ 20,000 ਨਵੀਆਂ ਥਾਵਾਂ ਕਾਇਮ ਕਰਨ ਲਈ $310 ਮਿਲੀਅਨ ਦਾ ਨਿਵੇਸ਼ ਕਰਨਾ। ਇਹ 2009-10 ਵਿੱਚ ਮੁਹੱਈਆ ਕੀਤੇ $155 ਮਿਲੀਅਨ ਤੋਂ ਇਲਾਵਾ ਹੈ ਜੋ ਕਾਲਜਾਂ ਅਤੇ ਯੂਨੀਵਰਟਿਸੀਆਂ ਵਿੱਚ ਦਾਖ਼ਲੇ ਦੇ ਵਾਧੇ ਲਈ ਪੂਰੀ ਮਦਦ ਕਰਨ ਵਾਸਤੇ ਸੀ ਅਤੇ ਜਿਸ ਵਿੱਚ ਪੱਤਝੜ 2009 ਦੇ *ਆਂਟੇਰੀਓ ਐਕਨੌਮਿਕ ਆਉਟਲੁੱਕ ਐਂਡ ਫਿਸਕਲ ਰਿਵੀਊ* ਰਾਹੀਂ ਘੋਸ਼ਤ $65 ਮਮਿਲੀਅਨ ਸ਼ਾਮਲ ਹੈ।
- ਸੰਸਾਰ ਦੇ ਸਭ ਤੋਂ ਉੱਤਮ ਵਿਦਿਆਰਥੀਆਂ ਨੂੰ ਇਥੇ ਪੜ੍ਹਾਈ ਕਰਨ, ਇਥੇ ਵਸੇਬਾ ਕਰਨ, ਅਤੇ ਆਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਬਣਾਉਣ ਲਈ ਉਤਸ਼ਾਹਤ ਕਰਨ ਵਾਸਤੇ ਪੋਸਟਸੈਕੰਡਰੀ ਸੰਸਥਾਵਾਂ ਦਾ ਵਦੇਸ਼ਾਂ ਵਿੱਚ ਅੱਗੇ ਵੱਧ ਕੇ ਪਰਚਾਰ ਕਰਨਾ
- ਕ੍ਰੈਡਿਟ ਟਰਾਂਸਫਰ ਸਿਸਟਮ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਲਈ ਅਧਿਕ ਸਾਧਨ ਮੁਹੱਈਆ ਕਰ ਕੇ ਆਂਟੇਰੀਓ ਵਿਦਿਆਰਥੀਆਂ ਦੀ ਆਂਟੇਰੀਓ ਦੀ ਪੋਸਟਸੈਕੰਡਰੀ ਵਿਦਿਅਕ ਪਰਨਾਲੀ ਵਿੱਚ ਵਿਚਰਣ ਲਈ ਵਿਦਿਆਰਥੀਆਂ ਦੀ ਯੋਗਤਾ ਨੂੰ ਬੇਹਤਰ ਬਣਾਉਣਾ।

**ਉੱਤਰ ਵਿੱਚ ਨੌਕਰੀਆਂ ਅਤੇ ਵਿਕਾਸ**

- ਯੋਗ ਭਾਰੀ ਉਦਯੋਗਕ ਸਹੂਲਤਾਂ ਲਈ ਬਿਜਲੀ ਦੀ ਕੀਮਤ ਨੂੰ ਔਸਤਨ ਲਗਭਗ 25 ਪ੍ਰਤੀਸ਼ਤ ਘਟਾਉਣ ਲਈ ਲੱਗਭਗ $150 ਮਿਲੀਅਨ ਦਾ ਤਿੰਨ ਸਾਲਾ ਨਾਰਦਰਨ ਇੰਡੱਸਟਰੀਅਲ ਅਲੈਕਟ੍ਰਿਸਿਟੀ ਰੇਟ ਪ੍ਰੋਗਰਾਮ
- ਆਦਿ-ਵਾਸੀਆਂ ਅਤੇ ਉੱਤਰੀ ਆਂਟੇਰੀਓ ਵਾਸੀਆਂ ਵੱਲੋਂ ਪੈਦਾ ਹੋ ਰਹੇ ਆਰਥਕ ਵਿਕਾਸ ਮੌਕਿਆਂ, ਜਿਵੇਂ ਕਿ ਰਿੰਗ ਆਫ਼ ਫ਼ਾਇਰ, ਵਿੱਚ ਸ਼ਮੂਲੀਅਤ ਕਰਨ ਅਤੇ ਇਨ੍ਹਾਂ ਤੋਂ ਲਾਭ ਲੈਣ ਵਿੱਚ ਮਦਦ ਕਰਨ ਵਾਸਤੇ ਪ੍ਰੋਜੈਕਟ ਆਧਾਰਤ ਹੁਨਰਾਂ ਦੀ ਸਿਖਲਾਈ ਦੇ ਨਵੇਂ ਪ੍ਰੋਗਰਾਮ ਵਾਸਤੇ ਅਗਲੇ ਤਿੰਨ ਸਾਲਾਂ ਵਿੱਚ $45 ਮਿਲੀਅਨ
- ਰਿੰਗ ਆਫ਼ ਫ਼ਾਇਰ ਦੇ ਇਲਾਕੇ ਵਿੱਚ ਆਰਥਕ ਵਾਹਦੇ ਨੂੰ ਅੱਗੇ ਵਧਾਉਣ ਵਾਸਤੇ ਸਾਂਝੇ ਯਤਨਾਂ ਵੱਲੀ ਲਿਜਾਣ ਲਈ ਰਿੰਗ ਆਫ਼ ਫ਼ਾਇਰ ਦਾ ਨਵਾਂ ਕੁਆਰਡੀਨੇਟਰ
- ਘੱਟ ਤੋਂ ਦਰਮਿਆਨੀ ਆਮਦਨੀ ਵਾਲੇ ਊਰਜਾ ਦੇ ਵੱਧ ਖ਼ਰਚੇ ਸਹਿਣ ਵਾਲੇ ਯੋਗ ਉੱਤਰੀ ਰਿਹਾਇਸ਼ੀਆਂ ਦੀ ਮਦਦ ਕਰਨ ਵਾਸਤੇ ਤਜਵੀਜ਼ਸ਼ੁਦਾ ਪਰਮਾਨੈਂਟ ਨਾਰਦਰਨ ਆਂਟੇਰੀਓ ਏਨਰਜੀ ਕ੍ਰੈਡਿਟ।

**ਪੂਰੇ ਦਿਨ ਲਈ ਸਿਖਿਆ**

- ਚਾਰ- ਅਤੇ ਪੰਜ ਸਾਲ ਦੇ ਬੱਚਿਆਂ ਲਈ ਸਤੰਬਰ 2010 ਤੋਂ ਸ਼ੁਰੂ ਕਰਕੇ, ਪੂਰੇ ਦਿਨ ਦੀ ਸਿਖਿਆ ਲਾਗੂ ਕਰਨੀ ਜਿਸ ਨਾਲ ਲਗਭਗ 600 ਸਕੂਲਾਂ ਵਿੱਚ 35,000 ਬੱਚਿਆਂ ਨੂੰ ਲਾਭ ਪਹੁੰਚੇਗਾ।
  - 2015-16 ਤੀਕ ਪੂਰੇ ਦਿਨ ਦੀ ਸਿਖਿਆ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੇ ਮੰਤਵ ਨਾਲ ਇਸ ਪ੍ਰੋਗਰਾਮ ਨੂੰ ਸਮੇਂ ਦੌਰਾਨ ਪੜਾਅ ਵਾਰ ਲਾਗੂ ਕੀਤਾ ਜਾਵੇਗਾ
  - ਪੂਰੀ ਤਰ੍ਹਾਂ ਲਾਗੂ ਹੋ ਜਾਣ ਉਪਰੰਤ, ਪੂਰੇ ਦਿਨ ਦੀ ਸਿਖਿਆ ਵਿੱਚ 3,800 ਅਧਿਆਪਕ ਅਤੇ 20,000 ਅਰਲੀ ਚਾਇਲਹੁੱਡ ਐਜੂਕੇਟਰ ਨੌਕਰੀ ਕਰਨਗੇ ਅਤੇ ਇਸ ਨਾਲ 247,000 ਬੱਚਿਆਂ ਨੂੰ ਲਾਭ ਪਹੁੰਚੇਗਾ।

**ਬੱਚਿਆਂ ਦੀ ਸੰਭਾਲ ਵਿੱਚ ਨਿਵੇਸ਼**

- ਬੱਚਿਆਂ ਦੀ ਸੰਭਾਲ ਕਰਨ ਵਾਲੀਆਂ 8,500 ਥਾਵਾਂ ਨੂੰ ਕਾਇਮ ਰੱਖਣ ਲਈ ਫ਼ੈਡਰਲ ਸਰਕਾਰ ਵੱਲੋਂ ਪੈਦਾ ਹੋਏ ਖੱਪੇ ਨੂੰ ਸਥਾਈ ਤੌਰ ਤੇ ਭਰਨ ਵਾਸਤੇ ਹਰ ਸਾਲ $63.5 ਮਿਲੀਅਨ ਦਾ ਨਿਵੇਸ਼ ਕਰਨਾ।
  - ਇਹ ਪਹਿਲਕਦਮੀ ਕੰਮ ਕਰਦੇ ਮਾਪਿਆਂ ਲਈ ਯਕੀਨੀ ਬਣਾਵੇਗੀ ਕਿ ਉਨ੍ਹਾਂ ਕੋਲ ਬੱਚਿਆਂ ਦੀ ਉੱਚ ਪੱਧਰੀ ਸੰਭਾਲ ਹੋਵੇ ਅਤੇ ਉਹ ਕੰਮ ਵੀ ਕਰਦੇ ਰਹਿਣ।

**ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਨੂੰ ਉਤਸ਼ਾਹਤ ਕਰਨ ਦੇ ਕੰਮ ਨੂੰ ਮੁਕੰਮਲ ਕਰਨਾ**

- 2009-10 ਅਤੇ 2010-11 ਵਿੱਚ ਬੁਨਿਆਦੀ ਢਾਂਚੇ ਵਿੱਚ ਪਹਿਲਾਂ ਨਾਲੋਂ ਵੱਧ ਨਿਵੇਸ਼ 300,000 ਨੌਕਰੀਆਂ ਪੈਦਾ ਕਰਦੇ ਅਤੇ ਉਨ੍ਹਾਂ ਨੂੰ ਕਾਇਮ ਰੱਖਦੇ ਹਨ।
- ਕਾਨਫ਼ਰੰਸ ਬੋਰਡ ਆਫ਼ ਕੈਨੇਡਾ ਅਨੁਸਾਰ, ਬੁਨਿਆਦੀ ਢਾਂਚੇ ਦੇ ਖ਼ਰਚੇ ਵਿੱਚ ਹੋਰ ਵਾਧਾ, ਸੰਸਾਰ ਮੰਦਵਾੜੇ ਵਿਰੁੱਧ ਅੰਸ਼ਕ ਤੌਰ ਤੇ ਨਵੇਂ ਉਤਸ਼ਾਹ ਵਾਲੇ ਉਪਾਵਾਂ ਕਾਰਨ ਆਂਟੇਰੀਓ ਦੇ 2009 ਵਿੱਚ ਅਸਲ ਜੀਡੀਪੀ ਵਿਕਾਸ ਵਿੱਚ ਕੋਈ ਇੱਕ ਪ੍ਰਤੀਸ਼ਤ ਵਾਧਾ ਹੋਇਆ ਅਤੇ 2010 ਵਿੱਚ 0.4 ਪ੍ਰਤੀਸ਼ਤ ਪੁਆਇੰਟ ਵਾਧਾ ਹੋਣ ਦੀ ਸੰਭਾਵਨਾ ਹੈ।

## ਜ਼ੁਮੇਂਵਾਰੀ ਨਾਲ ਪ੍ਰਬੰਧ ਕਰਨਾ

- ਪੰਜ ਸਾਲਾਂ ਵਿੱਚ ਬਜਟ ਦੇ ਘਾਟੇ ਨੂੰ ਘਟਾਅ ਕੇ ਅੱਧਾ ਕਰ ਦੇਣ ਅਤੇ ਅੱਠ ਸਾਲਾਂ ਵਿੱਚ ਇਸ ਨੂੰ ਖ਼ਤਮ ਕਰ ਦੇਣ ਲਈ ਯਥਾਰਤਕ ਅਤੇ ਜ਼ੁੰਮੇਵਾਰ ਯੋਜਨਾ ਪੇਸ਼ ਕਰਨੀ
- 2010 ਦੇ ਬਜਟ ਵਿੱਚ 2009-10 ਲਈ $21.3 ਬਿਲੀਅਨ ਦੇ ਘਾਟੇ ਵਾਲੇ ਬਜਟ ਦੀ ਸੰਭਾਵਨਾ-ਜੋ ਪੱਤਝੜ *2009 ਐਕਨੌਮਿਕ ਆਊਟਲੁੱਕ ਐਂਡ ਫ਼ਿਸਕਲ ਰਿਵੀਊ* ਵਿੱਚ ਪ੍ਰਕਾਸ਼ਤ ਪੇਸ਼ੀਨਗੋਈ ਅਨੁਸਾਰ $24.7 ਬਿਲੀਅਨ ਬਜਟ ਦੇ ਘਾਟੇ ਤੋਂ ਸੁਧਰ ਕੇ $3.4 ਬਿਲੀਅਨ ਬੇਹਤਰੀ
- ਲੋਕ ਸੇਵਾਵਾਂ ਦੀ ਸੁਰੱਖਿਆ ਕਰ ਕੇ ਅਤੇ ਨਾਯਾਬ ਸਾਧਨਾਂ ਨੂੰ ਵਰਤ ਕੇ ਸੇਵਾਵਾਂ ਪਹੁੰਚਾਉਣ ਲਈ ਹੇਠ ਦਰਜ ਕਨੂੰਨ ਪੇਸ਼ ਕਰਨੇ:
  - ਪਰਾਂਤਕ ਪਾਰਲੀਮੈਂਟ ਦੇ ਮੈਂਬਰਾਂ ਦੀ ਤਨਖ਼ਾਹ ਵਿੱਚ ਵਾਧੇ ਉੱਤੇ ਰੋਕ ਨੂੰ ਇੱਕ ਸਾਲ ਤੋਂ ਵਧਾਅ ਕੇ ਤਿੰਨ ਸਾਲ ਕਰਨਾ
  - ਗ਼ੈਰ-ਯੂਨੀਅਨ ਸਿਆਸੀ ਅਤੇ ਕਨੂੰਨਸਾਜ਼ ਅਸੈਂਬਲੀ ਦੇ ਅਮਲੇ ਦੇ ਮੁਆਵਜ਼ੇ ਢਾਂਚੇ ਉੱਤੇ ਦੋ ਸਾਲ ਲਈ ਰੋਕ ਲਾਉਣੀ
  - ਵਧੇਰੇ ਪਬਲਿਕ ਸੈਕਟਰ ਅਤੇ ਆਂਟੇਰੀਓ ਪਬਲਿਕ ਸਰਵਿਸ ਦੇ ਸਾਰੇ ਗ਼ੈਰ-ਯੂਨੀਅਨ ਕਰਮਚਾਰੀਆਂ ਦੇ ਮੁਆਵਜ਼ੇ ਦੇ ਢਾਂਚੇ ਉੱਤੇ ਦੋ ਸਾਲ ਲਈ ਰੋਕ ਲਾਉਣੀ
  - ਸਕੂਲਾਂ, ਹਸਪਤਾਲਾਂ, ਅਤੇ ਦੂਜੀਆਂ ਜਨਤਕ ਸੇਵਾਵਾਂ ਨੂੰ ਚਾਲੂ ਰੱਖਣ ਲਈ ਇਹ ਕਦਮ $750 ਮਿਲੀਅਨ ਤੀਕ ਨੂੰ ਮੁੜ ਵਿਉਂਤ ਕੇ ਮਦਦ ਕਰਨਗੇ।
- ਦਰਮਿਆਨੀ ਮਿਆਦ ਲਈ ਅੰਦਰੂਨੀ ਪ੍ਰਸ਼ਾਸਕ ਖ਼ਰਚਿਆਂ ਨੂੰ 2010-11 ਦੀ ਪੱਧਰ ਜਾਂ ਇਸ ਤੋਂ ਹੇਠਲੀ ਪੱਧਰ ‘ਤੇ ਰੱਖਣਾ
- ਆਂਟੇਰੀਓ ਸਰਕਾਰ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿਆਪਕ ਰਿਵੀਊ ਨੂੰ ਜਾਰੀ ਰੱਖਣਾ
- ਸੇਹਤ ਸੰਭਾਲ ਦੇ ਖ਼ਰਚਿਆਂ ਵਿੱਚ ਵਾਧੇ ਨੂੰ ਵਾਜਬ ਦਰ ਵਿੱਚ ਰੱਖਣ ਦਾ ਪ੍ਰਬੰਧ ਕਰਨਾ, ਜਿਸ ਵਿੱਚ ਆਂਟੇਰੀਓ ਵਿੱਚ ਦਵਾਈਆਂ ਦੀ ਪਰਣਾਲੀ ਵਿੱਚ ਸੁਧਾਰ ਕਰਨਾ ਸ਼ਾਮਲ ਹੈ ਜਿਸ ਨਾਲ ਜਨੈਰਕ ਦਵਾਈਆਂ ਦੀ ਕੀਮਤ ਵਿੱਚ ਕਮੀ ਆਵੇਗੀ।
- ਉਤਸ਼ਾਹ ਦੇਣ ਲਈ ਫੰਡ ਖ਼ਤਮ ਹੋ ਜਾਣ ਪਿੱਛੋਂ, ਸਰਕਾਰ ਦੇ ਕੁਝ ਕੁ ਕੈਪੀਟਲ ਪਰੋਜੈਕਟਾਂ ਦੀ ਯੋਜਨਾ ਅਤੇ ਉਨ੍ਹਾਂ ਦੀ ਉਸਾਰੀ ਦੀ ਰਫ਼ਤਾਰ ਘਟਾਉਣੀ
- ਗਾਹਕਾਂ ਲਈ ਸੇਵਾ ਵਿੱਚ ਸੁਧਾਰ ਲਿਆਉਣ ਅਤੇ ਕੁਸ਼ਲਤਾ ਨੂੰ ਵਧਾਉਣ ਲਈ ਸਰਕਾਰੀ ਪ੍ਰੋਗਰਾਮ ਲਾਗੂ ਕਰਨ ਵਿੱਚ ਤਬਦੀਲੀ
- ਪ੍ਰੋਗਰਾਮਾਂ ਉੱਤੇ ਖ਼ਰਚਿਆਂ ਵਿੱਚ ਸਾਲਾਨਾ ਵਾਧੇ ਨੂੰ 2012-13 ਤੀਕ 1.9 ਪ੍ਰਤੀਸ਼ਤ ਦੀ ਹੱਦ ਵਿੱਚ ਰੱਖਣਾ।

## ਹੋਰ ਪਤਾ ਕਰੋ

2010 ਆਂਟੇਰੀਓ ਬਜਟ:ਪਿਛੋਕੜ ਬਾਰੇ ਜਾਣਕਾਰੀ ਪੜ੍ਹੋ

- ਆਂਟੇਰੀਓ ਐਕਨੌਮਿਕ ਆਊਟਲੁਕ ਐਂਡ ਫ਼ਿਸਕਲ ਪਲੈਨ
- ਪੋਸਟਸੈਕੰਡਰੀ ਐਜੂਕੇਸ਼ਨ ਐਂਡ ਨਾਰਦਰਨ ਆਂਟੇਰੀਓ ਵਿੱਚ ਨਵੇਂ ਨਿਵੇਸ਼ਾਂ ਰਾਹੀਂ ਨੌਕਰੀਆਂ ਪੈਦਾ ਕਰਨੀਆਂ
- ਜ਼ੁਮੇਂਵਾਰੀ ਨਾਲ ਪ੍ਰਬੰਧ ਕਰਨਾ
- ਨੌਕਰੀਆਂ ਅਤੇ ਵਿਕਾਸ ਲਈ ਆਂਟੇਰੀਓ ਟੈਕਸ ਯੋਜਨਾ

ਵਿਦਿਆ, ਸੇਹਤ ਅਤੇ ਦੂਜੇ ਖੇਤਰਾਂ ਵਿੱਚ ਮੈਕਗੁਇੰਟੀ ਸਰਕਾਰ ਦੇ ਨਿਵੇਸ਼ਾਂ ਬਾਰੇ ਵੱਧ ਪਤਾ ਕਰੋ।

ਮੁੱਖ ਨੁਕਤਿਆਂ ਬਾਰੇ ਪੜ੍ਹੋ।

ਸਰਕਾਰ ਦੀ ਓਪਨ ਆਂਟੇਰੀਓ ਯੋਜਨਾ ਬਾਰੇ ਵੱਧ ਪਤਾ ਕਰੋ



**ਸਿਰਫ਼ ਮੀਡੀਏ ਵੱਲੋਂ ਪੁੱਛ-ਗਿੱਛ ਲਈ:**
Alicia Johnston (ਅਲੀਸ਼ਾ ਜੁਾਨਸਟਨ), ਮਨਿੱਸਟਰ ਦੇ ਦਫ਼ਤਰ, 416-325-3645
Scott Blodgett (ਸਕਾਟ ਬਲੌਜੈਟ), ਮਨਿੱਸਟਰੀ ਆਫ਼ ਫਾਇਨੈਂਸ, 416-325-0324

**ontario.ca/finance-news**

**Punjabi**

**ਪਬਲਿਕ ਵੱਲੋਂ ਪੁੱਛ-ਗਿੱਛ ਲਈ ਫ਼ੋਨ ਕਰੋ। 1-800-337-7222**
(ਟੋਲ-ਫ਼੍ਰੀ ਸਿਰਫ਼ ਆਂਟੇਰੀਓ ਵਿੱਚ)